# ਨਵੀਂ ਸੋਚ, ਨਿਵੇਕਲੀ ਪਹਿਲ

*ਡਾ. ਆਤਮਜੀਤ*

ਦੁਨੀਆ ਭਰ ਵਿਚ ਵੱਡੇ ਨਾਟਕਕਾਰਾਂ ਅਤੇ ਰੰਗਕਰਮੀਆਂ ਦੇ ਨਾਵਾਂ ਉੱਤੇ ਥੀਏਟਰ ਦੀ ਉਸਾਰੀ ਹੁੰਦੀ ਹੈ। ਇੰਗਲੈਂਡ ਦੇ ਰਾਇਲ ਸ਼ੈਕਸਪੀਅਰ ਥੀਏਟਰ ਦਾ ਨਾਂ ਕਿਸ ਰੰਗ-ਸਾਹਿਤ ਪ੍ਰੇਮੀ ਨੇ ਨਹੀਂ ਸੁਣਿਆ ? ਲੰਡਨ ਦੇ ਨਾਲ ਲਗਦੇ ਬਹੁਤ ਸਾਰੇ ਸ਼ਹਿਰਾਂ ਦੇ ਮੁਹੱਲਿਆਂ ਦੇ ਨਾਂ ਉਥੋਂ ਦੇ ਲੇਖਕਾਂ ਦੇ ਨਾਵਾਂ ਉਤੇ ਰੱਖੇ ਹੋਏ ਹਨ। ਮੈਂ ਹੇਜ਼ ਸ਼ਹਿਰ ਦੇ ਜਿਸ ਇਲਾਕੇ ਵਿਚ ਇਕ ਹਫ਼ਤਾ ਰਿਹਾ। ਉਸ ਦੀ ਹਰ ਗਲੀ ਦਾ ਨਾਂ ਕਿਸੇ ਲੇਖਕ ਦੀ ਯਾਦ ਕਰਵਾਉਂਦਾ ਹੈ। ਉਥੇ ਰਹਿਣ ਵਾਲੇ ਲੋਕਾਂ ਤੋਂ ਇਲਾਵਾ ਰੋਜ਼ ਅਖਬਾਰ ਸੁੱਟਣ ਵਾਲੇ, ਟੈਕਸੀਆਂ ਵਾਲੇ, ਡਾਕਖਾਨੇ ਤੇ ਕੋਰੀਅਰ ਵਾਲੇ, ਡਿਸ਼, ਟੈਲੀਫੋਨ ਅਤੇ ਇੰਟਰਨੈੱਟ ਦੀਆਂ ਸੇਵਾਵਾਂ ਦੇਣ ਵਾਲੇ, ਇਹ ਸਾਰੇ ਲੋਕ ਮਿਲਟਨ, ਵਰਡਜ਼ਵਰਥ, ਬਾਇਰਨ, ਕੀਟਸ ਆਦਿ ਲੇਖਕਾਂ ਨੂੰ ਥੋੜ੍ਹਾਂ-ਬਹੁਤ ਜ਼ਰੂਰ ਜਾਣਦੇ ਹੋਣਗੇ। ਅਜਿਹੇ ਲੋਕ ਚਾਹੁਣ ਵੀ ਤਾਂ ਆਪਣੇ ਸੱਭਿਆਚਾਰ ਨਾਲੋਂ ਟੁੱਟ ਨਹੀਂ ਸਕਦੇ ? ਭਲਾ ਹੋਵੇ ਕਿਸੇ ਸਿਆਣੇ ਦਾ ਜਿਸ ਨੇ ਭਾਰਤ ਭਰ ਵਿਚ ਟੈਗੋਰ ਥੀਏਟਰਾਂ ਦੀ ਉਸਾਰੀ ਕਰਨ ਦਾ ਮੂਲ ਸੁਝਾਅ ਦਿੱਤਾ, ਭਾਵੇਂ ਉਨ੍ਹਾਂ ਦੇ ਨਾਂਅ ਕਿਤੇ ਟੈਗੋਰ ਕਿਤੇ ਠਾਕੁਰ ਅਤੇ ਕਿਤੇ ਸ਼ਬਦ ਰਾਬਿੰਦਰ ਨਾਲ ਰੱਖੇ ਹੋਏ ਹਨ। ਇਸ ਬਹਾਨੇ ਸਾਡੀ ਨਵੀਂ ਪੀੜ੍ਹੀ ਟੈਗੋਰ ਦਾ ਨਾਂ ਤਾਂ ਸੁਣਦੀ ਹੈ ਤਾਂ ਉਹ ਉਸਨੂੰ ਜਾਨਣ ਦੀ ਕੋਸ਼ਿਸ਼ ਕਰਨਗੇ ਹੀ। 1960 ਵਿਚ ਜਦੋਂ ਰਾਬਿੰਦਰ ਨਾਥ ਟੈਗੋਰ ਦੀ ਪਹਿਲੀ ਜਨਮ ਸ਼ਤਾਬਦੀ ਮਨਾਈ ਗਈ ਉਦੋਂ ਇਹ ਥੀਏਟਰ ਭਾਰਤ ਭਰ ਵਿਚ ਉਸਾਰੇ ਗਏ ਸਨ। ਹੈਦਰਾਬਾਦ ਵਿਚ ਰਾਬਿੰਦਰ ਭਾਰਤੀ ਪਹਿਲਾ ਅਜਿਹਾ ਥੀਏਟਰ ਸੀ ਜਿਸ ਦਾ 11 ਮਈ 1961 ਨੂੰ ਉਸ ਸਮੇਂ ਦੇ ਉਪ ਰਾਸ਼ਟਰਪਤੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਨੇ ਉਦਘਾਟਨ ਕੀਤਾ। ਇਸ ਦੇ ਉਲਟ ਪੰਜਾਬ ਦੇ ਕਿੰਨੇ ਕੁ ਨੌਜਵਾਨ ਹੋਣਗੇ ਜੋ ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਜਾਂ ਫ਼ੀਰੋਜ਼ਦੀਨ ਸ਼ਰਫ਼ ਨੂੰ ਜਾਣਦੇ ਹਨ ? ਕਿੰਨੀਆਂ ਕੁ ਨੂੰ ਨਾਨਕ ਸਿੰਘ, ਵਿਰਕ ਜਾਂ ਗਾਰਗੀ ਦਾ ਪਤਾ ਹੈ ?

ਹੁਣ ਤਾਂ ਕਾਰਪੋਰੇਸ਼ਨਾਂ, ਮਿਊਂਸਪੈਲਟੀਆਂ ਤੇ ਸਰਕਾਰਾਂ ਨੇ ਥੀਏਟਰ ਬਣਾਉਣੇ ਹੀ ਬੰਦ ਕਰ ਦਿੱਤੇ। ਤੇ ਜੇ ਕੁਝ ਬਣਦਾ ਵੀ ਹੈ ਤਾਂ ਉਸ ਦਾ ਨਾਂ ਕਿਸੇ ਰਾਜਸੀ ਜਾਂ ਧਾਰਮਿਕ ਹਸਤੀ ਨਾਲ ਹੀ ਜੋੜੇ ਜਾਣ ਦੀ ਪਰੰਪਰਾ ਹੈ। ਦੱਖਣ ਭਾਰਤ ਦੀ ਹਾਲਤ

ਸਾਡੇ ਨਾਲੋਂ ਬੇਹਤਰ ਹੈ। ਪੰਜਾਬ ਵਿਚ ਤਾਂ ਅਜੇ ਨਾਟ-ਘਰਾਂ ਦੀ ਕਲਾ ਅਤੇ ਲੋੜ ਨੇ ਪੂਰਾ ਵਿਕਾਸ ਨਹੀਂ ਕੀਤਾ, ਇਸ ਲਈ ਏਥੇ ਉਮੀਦ ਨਹੀਂ ਸੀ ਕੀਤੀ ਜਾਂਦੀ ਕਿ ਕੋਈ ਅਦਾਰਾ ਕਿਸੇ ਨਾਟਕਕਾਰ/ਰੰਗਕਰਮੀ ਦੇ ਨਾਂ 'ਤੇ ਕਿਸੇ ਥੀਏਟਰ ਦਾ ਨਾਂ ਰੱਖੇਗਾ। ਜਿਹੜੀ ਪਹਿਲ ਪਰਲ ਗਰੁੱਪ ਦੇ ਨਿਰਮਲ ਸਿੰਘ ਭੰਗੂ ਅਤੇ ਗਿਆਨ ਸਾਗਰ ਟਰੱਸਟ ਦੇ ਚੇਅਰਮੈਨ ਹਰਵਿੰਦਰ ਸਿੰਘ ਭੰਗੂ ਹੋਰਾਂ ਨੇ ਕੀਤੀ ਹੈ, ਉਸ ਦੀ ਕੋਈ ਮਿਸਾਲ ਨਹੀਂ ਹੈ। ਉਨ੍ਹਾਂ ਨੇ ਆਪਣੇ ਬਜ਼ੁਰਗ ਗੁਰਦਿਆਲ ਸਿੰਘ ਭੰਗੂ ਦੀ ਯਾਦ ਵਿਚ ਗਿਆਨ ਸਾਗਰ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਬਣਾਇਆ ਅਤੇ ਬਨੂੜ ਦੇ ਨੇੜੇ 4 ਸੌ ਏਕੜ ਰੁਪਏ ਦੀ ਲਾਗਤ ਨਾਲ ਮੈਡੀਕਲ ਕਾਲਜ ਐਂਡ ਹਾਸਪੀਟਲ, ਡੈਂਟਲ ਕਾਲਜ ਐਂਡ ਹਾਸਪੀਟਲ, ਕਾਲਜ ਆਫ਼ ਫ਼ਾਰਮੇਸੀ, ਪੋਸਟ ਗ੍ਰੈਜੂਏਟ ਫ਼ਿਜ਼ਿਓਥੈਰੇਪੀ ਕਾਲਜ, ਪੈਰਾ ਮੈਡੀਕਲ ਤੇ ਨਰਸਿੰਗ ਕਾਲਜਾਂ ਦੀ ਸਥਾਪਨਾ ਕੀਤੀ ਹੋਈ ਹੈ।

ਜਦੋਂ 12 ਜਨਵਰੀ ਨੂੰ ਪੰਜਾਬੀ ਸਾਹਿਤ ਅਤੇ ਥੀਏਟਰ ਦੀਆਂ ਬਹੁਤ ਸਾਰੀਆਂ ਹਸਤੀਆਂ ਦੀ ਹਾਜ਼ਰੀ ਵਿਚ ਇਸ ਥੀਏਟਰ ਦਾ ਗੁਰਸ਼ਰਨ ਸਿੰਘ ਦੁਆਰਾ ਉਦਘਾਟਨ ਕੀਤਾ ਗਿਆ ਤਾਂ ਸਾਰਿਆਂ ਨੂੰ ਬਹੁਤ ਹੈਰਤ ਭਰੀ ਖੁਸ਼ੀ ਹੋਈ। ਅਜੇ ਭਾਵੇਂ ਇਸ ਥੀਏਟਰ ਦਾ ਬਹੁਤ ਸਾਰਾ ਅੰਦਰੂਨੀ ਕੰਮ ਹੋਣ ਵਾਲਾ ਬਾਕੀ ਹੈ ਪਰ ਘਰ ਦੇ ਭਾਗਾਂ ਦਾ ਪਤਾ ਡਿਉੜੀ ਤੋਂ ਲੱਗ ਜਾਂਦਾ ਹੈ। ਜਿਸ ਭਾਂਤ ਦਾ ਭਾਅ ਜੀ ਗੁਰਸ਼ਰਨ ਆਡੀਟੋਰੀਅਮ ਵਿਉਂਤਿਆ ਗਿਆ ਹੈ ਉਸ ਤਰ੍ਹਾਂ ਦਾ 1300 ਸੀਟਾਂ ਵਾਲਾ ਆਧੁਨਿਕ ਥੀਏਟਰ ਤਾਂ ਸ਼ਾਇਦ ਸਾਡੇ ਪ੍ਰਦੇਸ਼ ਦੀ ਕਿਸੇ ਯੂਨੀਵਰਸਿਟੀ ਕੋਲ ਵੀ ਨਾ ਹੋਵੇ। ਇਸ ਆਡੀਟੋਰੀਅਮ ਵਿਚ 80 ਫੁੱਟ ਦੀ ਵਿਸ਼ਾਲ ਸਟੇਜ ਹੈ ਜਿਸ ਉੱਤੇ 10500 ਲੂਮੀਨੱਸ ਦਾ ਇਕ ਪ੍ਰਾਜੈਕਟਰ ਵੀ ਲਗਾਇਆ ਜਾਵੇਗਾ। ਕਰੈਸਟਨ ਦੀ ਤਾਰ-ਰਹਿਤ ਟੱਚ-ਪੈਨਲ ਨਾਲ ਚੱਲਣ ਵਾਲੀ ਆਵਾਜ਼ ਪ੍ਰਣਾਲੀ ਵਾਸਤੇ 4 ਚੈਨਲ ਦੇ ਉੱਚ ਪੱਧਰੀ ਐਂਪਲੀਫਾਇਰ ਲਗਾਏ ਜਾ ਰਹੇ ਹਨ ਜਿਨ੍ਹਾਂ ਦੀ ਆਵਾਜ਼ ਵੱਖ ਵੱਖ ਸਪੀਕਰਾਂ, ਵੂਫ਼ਰਾਂ ਰਾਹੀਂ ਦਰਸ਼ਕਾਂ ਦੇ ਕੰਨਾਂ ਵਿਚ ਲੋੜੀਂਦੇ ਰਸ ਘੋਲੇਗੀ। ਏਹੋ ਜਿਹੀ ਵੱਡੀ ਸੰਸਥਾ ਅਤੇ ਸਰਦੇ-ਪੁੱਜਦੇ ਵਪਾਰਕ ਸਮੂਹ ਵਾਸਤੇ ਇਕ ਵਧੀਆ ਆਧੁਨਿਕ ਥੀਏਟਰ ਦੀ ਉਸਾਰੀ ਕੋਈ ਬਹੁਤੀ ਅਲੋਕਾਰੀ ਗੱਲ ਨਹੀਂ। ਪਰ ਵੱਡੀ ਗੱਲ ਇਹ ਹੈ ਕਿ ਇਸ ਥੀਏਟਰ ਦਾ ਨਾਮ ਪੰਜਾਬੀ ਰੰਗਮੰਚ ਦੇ ਸ਼ਾਹਸਵਾਰ ਗੁਰਸ਼ਰਨ ਸਿੰਘ ਨਾਲ ਜੋੜ ਕੇ ਰੱਖਿਆ ਗਿਆ ਹੈ। ਇਹ ਥੀਏਟਰ ਆਪਣੇ ਕਾਲਜਾਂ ਦੀਆਂ ਅਕਾਦਮਿਕ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਉਨ੍ਹਾਂ ਪੇਂਡੂ ਲੋਕਾਂ ਦੀਆਂ ਸਭਿਆਚਾਰਕ ਤੇ ਸਮਾਜਕ ਲੋੜਾਂ ਦਾ ਵੀ ਖ਼ੂਬਸੂਰਤ ਢੰਗ ਨਾਲ ਧਿਆਨ ਰੱਖੇਗਾ ਜਿਹੜੇ ਇਸ ਇਲਾਕੇ ਦੇ ਆਸ-ਪਾਸ ਰਹਿੰਦੇ ਹਨ ਅਤੇ ਜਿਨ੍ਹਾਂ ਵਾਸਤੇ ਗੁਰਸ਼ਰਨ ਸਿੰਘ ਸਾਰੀ ਜ਼ਿੰਦਗੀ ਲੜਦਾ ਰਿਹਾ। ਅਸਲ ਵਿਚ ਇਹ ਸਨਮਾਨ ਇਕੱਲੇ ਗੁਰਸ਼ਰਨ ਸਿੰਘ ਦਾ ਨਹੀਂ ਹੈ, ਬਲਕਿ ਇਸ ਪੂਰੀ ਸੋਚ ਦਾ ਹੈ। ਕੋਈ ਵੀ ਹੋਰ ਸੱਜਣ ਹੁੰਦਾ ਤਾਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦੀ ਯਾਦ ਨੂੰ ਇਹ ਇਮਾਰਤ ਸਮਰਪਿਤ ਕਰ ਦੇਂਦਾ। ਨਹੀਂ ਤਾਂ ਪ੍ਰਬੰਧਕਾਂ ਵਿਚੋਂ ਕਿਸੇ ਬਜ਼ੁਰਗ ਦੇ ਨਾਂ ਨਾਲ ਵੀ ਆਡੀਟੋਰੀਅਮ

ਦੇ ਨਾਂ ਨੂੰ ਜੋੜਿਆ ਜਾ ਸਕਦਾ ਸੀ। ਆਪਣੇ ਨਾਵਾਂ ਨੂੰ ਵਾਰ-ਵਾਰ ਦੇਖਣ ਦੀ ਸਾਡੀ ਭੁੱਲ ਏਨੀ ਚਮਕ ਚੁੱਕੀ ਹੈ ਕਿ ਕਿਸੇ ਹੋਰ ਦਾ ਨਾਂ ਸਾਨੂੰ ਬਰਦਾਸ਼ਤ ਹੀ ਨਹੀਂ ਹੁੰਦਾ। ਹਰ ਗਿਆਨ ਸਾਗਰ ਵੱਲੋਂ ਗੁਰਸ਼ਰਨ ਭਾਅ ਜੀ ਦੇ ਨਾਂ 'ਤੇ ਆਡੀਟੋਰੀਅਮ ਦਾ ਸਮਰਪਣ ਸੋਚਣ ਦੇ ਉਸ ਢੰਗ ਨੂੰ ਸਮਰਪਣ ਹੈ, ਜਿਹੜਾ ਗੁਰਸ਼ਰਨ ਸਿੰਘ ਨੇ ਆਪਣੀ ਪੂਰੀ ਜ਼ਿੰਦਗੀ ਲਾ ਕੇ ਘੜਿਆ। ਜਾਪਦਾ ਹੈ ਕਿ ਪ੍ਰਬੰਧਕ ਆਪਣੀ ਕਮਾਈ ਦੇ ਕਿਸੇ ਹਿੱਸੇ ਨੂੰ ਥੁੜ੍ਹੇ ਹੋਏ ਜ਼ਰੂਰਤਮੰਦ ਲੋਕਾਂ ਲਈ ਵੀ ਰਾਖਵਾਂ ਰੱਖਣਾ ਚਾਹੁੰਦੇ ਹਨ। ਸਾਡੀ ਖ਼ੁਸ਼ਕਿਸਮਤੀ ਹੈ ਕਿ ਸਾਡੇ ਕੁਝ ਅਮੀਰ ਆਪਣੇ ਵਿਰਸੇ ਨੂੰ ਸੱਚੇ ਅਰਥਾਂ ਵਿਚ ਸੰਭਾਲ ਰਹੇ ਹਨ। ਏਸੇ ਲਈ ਟਰੱਸਟ ਦੇ ਵਾਈਸ ਚੇਅਰਮੈਨ ਡਾਕਟਰ ਸੁਖਵਿੰਦਰ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਹਸਪਤਾਲ ਕਿਸੇ ਵੀ ਉਸ ਗ਼ਰੀਬ ਮਰੀਜ਼ ਦੀ ਖੁੱਲ੍ਹ ਕੇ ਮਦਦ ਕਰੇਗਾ ਜਿਸ ਦੀ ਸਿਫ਼ਾਰਿਸ਼ ਇਲਾਕੇ ਦੇ 80 ਪਿੰਡਾਂ ਦਾ ਕੋਈ ਸਰਪੰਚ ਜਾਂ ਪੰਜਾਬ ਦਾ ਕੋਈ ਵੀ ਸਾਹਿਤਕਾਰ, ਪੱਤਰਕਾਰ, ਕਲਾਕਾਰ ਜਾਂ ਨਿਰਦੇਸ਼ਕ ਕਰੇਗਾ। ਲੇਖਕਾਂ, ਪੱਤਰਕਾਰਾਂ ਅਤੇ ਨਾਟ-ਕਰਮੀਆਂ ਲਈ ਫ਼ਰੀ ਓ. ਪੀ. ਡੀ. ਇਲਾਜ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਰਿਆਇਤਾਂ ਦਾ ਐਲਾਨ ਵੀ ਕੀਤਾ ਗਿਆ, ਜਿਨ੍ਹਾਂ ਵਿਚ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਦਾ ਇਲਾਜ ਵੀ ਸ਼ਾਮਲ ਹੈ।

ਭਾਵੇਂ ਗਿਆਨ ਸਾਗਰ ਨੇ ਆਪਣੇ ਥੀਏਟਰ ਦਾ ਨਾਂ ਭਾਅ ਜੀ ਗੁਰਸ਼ਰਨ ਆਡੀਟੋਰੀਅਮ ਰੱਖ ਕੇ ਗੁਰਸ਼ਰਨ ਸਿੰਘ ਲਈ ਬਹੁਤਾ ਕੁਝ ਨਹੀਂ ਕੀਤਾ, ਸਗੋਂ ਆਪਣਾ ਸਮਾਜਿਕ ਤੇ ਸਭਿਆਚਾਰਕ ਕੱਦ ਵੱਡਾ ਕੀਤਾ ਹੈ, ਪਰ ਇਹ ਵੀ ਸੱਚ ਹੈ ਕਿ ਇਸ ਨਾਲ ਸਾਡਾ ਸਾਰੇ ਸਾਹਿਤਕਾਰਾਂ ਤੇ ਰੰਗਕਰਮੀਆਂ ਦਾ ਅਕਸ ਉੱਜਲ ਹੋਇਆ। ਪੰਜਾਬ ਸਰਕਾਰ ਕੋਲੋਂ ਤਾਂ ਕਿਸੇ ਗਲੀ-ਮੁਹੱਲੇ ਦਾ ਨਾਂ ਰਖਵਾਉਣਾ ਹੋਵੇ ਤਾਂ ਵੀ ਉਸ ਨੂੰ ਪਹਿਲਾਂ ਘੱਟੋ-ਘੱਟ ਮਰਨਾ ਪੈਂਦਾ ਹੈ ਤੇ ਮਗਰੋਂ ਉਸ ਦੇ ਪਰਿਵਾਰ ਜਾਂ ਪ੍ਰਸ਼ੰਸਕਾਂ ਨੂੰ ਸਰਕਾਰ ਦੇ ਦਰ 'ਤੇ ਜਾ ਕੇ ਲੇਲ੍ਹੜੀਆਂ ਕੱਢਣੀਆਂ ਪੈਂਦੀਆਂ ਹਨ। ਜਾਂ ਫਿਰ ਉਸ ਨੂੰ ਆਪਣਾ ਪ੍ਰੀਤਨਗਰ ਆਪ ਵਸਾਉਣਾ ਪੈਂਦਾ ਹੈ। ਪਰ ਭੰਗੂ ਬਾਪ-ਬੇਟੇ ਨੇ ਤਾਂ ਇਸ ਆਡੀਟੋਰੀਅਮ ਨਾਲ ਇਕ ਇਤਿਹਾਸ ਸਿਰਜ ਦਿੱਤਾ ਹੈ ਜਿਸ ਤੋਂ ਸਰਕਾਰਾਂ ਨੂੰ ਸਬਕ ਲੈਣਾ ਚਾਹੀਦਾ ਹੈ।

ਜੇ ਸਰਕਾਰਾਂ ਥੀਏਟਰ ਬਣਾ ਵੀ ਦੇਣ ਤਾਂ ਉਹ ਹੌਲੀ-ਹੌਲੀ ਨਾਟਕਾਂ ਵਾਸਤੇ ਚਿੱਟਾ ਹਾਥੀ ਬਣ ਜਾਂਦਾ ਹੈ। ਅੱਜ ਕੋਈ ਵੀ ਪ੍ਰਾਈਵੇਟ ਮੰਡਲੀ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਵੀ ਆਪਣਾ ਨਾਟਕ ਨਹੀਂ ਖੇਡ ਸਕਦੀ, ਸਰਕਾਰੀ ਕਿਰਾਇਆ ਇੰਨਾ ਜ਼ਿਆਦਾ ਹੈ ਕਿ ਕੋਈ ਦੇ ਹੀ ਨਹੀਂ ਸਕਦਾ। ਇਸੇ ਲਈ ਉੱਥੇ ਅੱਜ-ਕੱਲ੍ਹ ਥੀਏਟਰ ਤੋਂ ਸਿਵਾ ਸਭ ਕੁਝ ਹੁੰਦਾ ਹੈ। ਸਿਰਫ਼ ਸਰਕਾਰੀ ਸੰਸਥਾਵਾਂ ਹੀ ਆਪਣੀ ਮਰਜ਼ੀ ਦਾ ਥੀਏਟਰ ਕਰਵਾਉਂਦੀਆਂ ਹਨ। ਇਸ ਪੱਖੋਂ ਵੀ ਗਿਆਨ ਸਾਗਰ ਨੇ ਇਕ ਉਮੀਦ ਜਗਾਈ ਹੈ। ਆਸ ਹੈ ਕਿ ਮੈਡੀਕਲ ਦੇ ਵਿਦਿਆਰਥੀਆਂ ਵਾਸਤੇ ਬਣਿਆਂ ਇਹ ਆਡੀਟੋਰੀਅਮ ਇਹ ਸਭਿਆਚਾਰਕ ਓਪਰੇਸ਼ਨ ਥੀਏਟਰ ਦਾ ਕੰਮ ਕਰੇਗਾ, ਜਿਸ ਵਿਚ ਸਮਾਜ ਦੀਆਂ

ਸਮੱਸਿਆਵਾਂ ਦੀ ਚੀਰ-ਫ਼ਾੜ ਹੋਵੇਗੀ ਅਤੇ ਜਿਸ ਨੂੰ ਪੈਸੇ ਕਮਾਉਣ ਦੇ ਲਾਲਚ ਤੋਂ ਮੁਕਤ ਰੱਖਿਆ ਜਾਵੇਗਾ, ਬਲਕਿ ਪੈਸਾ ਖ਼ਰਚ ਕਰਕੇ ਚੰਗੇ ਨਾਟਕ ਦਿਖਾਏ ਜਾਣਗੇ।

ਇਸ ਟਰੱਸਟ ਦਾ ਪ੍ਰਧਾਨ ਹਰਨਾਮ ਸਿੰਘ ਧਾਲੀਵਾਲ ਇਕ ਅਰਥ ਵਿਗਿਆਨੀ ਹੈ। ਸ਼ਾਇਦ ਇਹੋ ਕਾਰਨ ਹੈ ਕਿ ਇਸ ਆਡੀਟੋਰੀਅਮ ਦੇ ਅਰਥ-ਸ਼ਾਸਤਰ ਨੂੰ ਵੀ ਬਹੁਤ ਧਿਆਨ ਵਿਚ ਰੱਖਿਆ ਗਿਆ ਹੈ। ਯੋਜਨਾ ਮੁਤਾਬਕ ਇਹ ਆਡੀਟੋਰੀਅਮ ਉਸ ਵੱਡੇ ਕੰਪਲੈਕਸ ਦਾ ਹਿੱਸਾ ਹੈ ਜਿਸ ਦੀ ਬੈਸਮੈਂਟ ਵਿਚ ਇਕ ਸ਼ਾਪਿੰਗ ਮਾਲ ਹੋਵੇਗਾ। ਆਡੀਟੋਰੀਅਮ ਵਾਲੇ ਤਲ 'ਤੇ ਫੂਡ ਕੋਰਟ, ਦੁਕਾਨਾਂ ਤੇ ਹੋਟਲ ਦੀ ਲਾਬੀ ਹੋਵੇਗੀ। ਰੈਸਟੋਰੈਂਟ, ਕਾਨਫਰੰਸ ਹਾਲ ਤੇ ਹੋਟਲ ਉਪਰਲੀਆਂ 5 ਮੰਜ਼ਲਾਂ ਵਿਚ ਹੋਣਗੇ। ਕੁੱਲ ਪੌਣੇ ਦੋ ਲੱਖ ਵਰਗ ਫੁੱਟ ਦਾ ਇਹ ਪੰਜਾਬ ਦੀ ਖ਼ੂਬਸੂਰਤੀ ਅਤੇ ਸਾਰਥਕਤਾ ਵਿਚ ਭਰਪੂਰ ਵਾਧਾ ਕਰ ਸਕਦਾ ਹੈ ਜੇ ਇਹ ਆਪਣੇ ਨਾਂ ਦੇ ਮੁਤਾਬਿਕ ਕੰਮ ਕਰਦਾ ਰਹੇ। ਹੋਟਲ-ਰੈਸਟੋਰੈਂਟ ਤੇ ਦੁਕਾਨਾਂ ਵਿਚੋਂ ਬਹੁਤੇ ਪੈਸੇ ਕਮਾਉਣ ਤੇ ਸਾਨੂੰ ਖ਼ੁਸ਼ੀ ਹੋਵੇਗੀ, ਜੇਕਰ ਆਡੀਟੋਰੀਅਮ ਨੂੰ ਸਮਾਜ-ਸੇਵਾ ਦਾ ਓਪਰੇਸ਼ਨ ਥੀਏਟਰ ਹੀ ਸਮਝਿਆ ਜਾਵੇ। ਤਾਂ ਹੀ ਗਿਆਨ ਸਾਗਰ ਦੇ ਪਛਾਣ ਚਿੰਨ੍ਹ (ਐਂਬਲਮ) ਦੇ ਹੇਠਾਂ ਡਾਕਟਰ ਸੁਖਵਿੰਦਰ ਸਿੰਘ ਦੇ ਲਿਖੇ ਇਹ ਸ਼ਬਦ ਸੱਚ ਸਾਬਤ ਹੋਣਗੇ ਆਉ ਗ਼ਰੀਬੀ ਅਤੇ ਅਨਪੜ੍ਹਤਾ ਦੇ ਸਾਗਰ ਦਾ ਮੰਥਨ ਕਰਕੇ ਲੋਕਾਂ ਵਿਚ ਗਿਆਨ ਦਾ ਅੰਮ੍ਰਿਤ ਵੰਡੀਏ।

ਮੇਰੇ ਲਈ ਜਾਤੀ ਤੌਰ 'ਤੇ ਵੀ ਇਹ ਆਡੀਟੋਰੀਅਮ ਅਤੇ ਇਸ ਦਾ ਨਾਂ ਅਪਾਰ ਖ਼ੁਸ਼ੀ ਦਾ ਸੋਮਾ ਹੈ। ਗੁਰਸ਼ਰਨ ਸਿੰਘ ਸਾਰੀ ਜ਼ਿੰਦਗੀ ਸਾਦੇ ਰੰਗਮੰਚ ਦੇ ਮੁਦਈ ਰਹੇ ਹਨ ਤੇ ਮੈਂ ਹਮੇਸ਼ਾਂ ਕਹਿੰਦਾ ਰਿਹਾ ਹਾਂ ਕਿ ਸਾਡਾ ਇਹ ਹੱਕ ਹੈ ਕਿ ਸਾਡੇ ਕੋਲ ਪਿੰਡਾਂ-ਸ਼ਹਿਰਾਂ ਸਭਨੀਂ ਥਾਈਂ ਵਧੀਆ ਥੀਏਟਰ ਹੋਣ; ਹਾਲਾਂਕਿ ਨਾ ਭਾਅ ਜੀ ਆਡੀਟੋਰੀਅਮ ਦੇ ਵਿਰੋਧੀ ਹਨ ਤੇ ਨਾ ਹੀ ਮੈਂ ਸਾਦੇ ਰੰਗਮੰਚ ਦਾ। ਗਿਆਨ ਸਾਗਰ ਨੇ ਸਾਨੂੰ ਦੋਹਾਂ ਨੂੰ ਇਕ ਥਾਂ 'ਤੇ ਇਕੱਠਾ ਕਰ ਦਿੱਤਾ ਹੈ। ਮੈਨੂੰ ਇਹ ਵੀ ਉਮੀਦ ਹੈ ਕਿ ਉਹ ਜਿੱਥੇ ਏਨਾ ਕੁਝ ਕਰ ਰਹੇ ਹਨ, ਇਸ ਦੇ ਰੋਸ਼ਨੀ ਅਤੇ ਹੋਰ ਤਕਨੀਕੀ ਪੱਖਾਂ ਤੋਂ ਵੀ ਅਵੇਸਲੇ ਨਹੀਂ ਰਹਿਣਗੇ ਤਾਂ ਕਿ ਅਸੀਂ ਆਉਂਦੇ ਸਾਲਾਂ ਵਿਚ ਕਹਿ ਸਕੀਏ ਕਿ ਸਾਡੇ ਕੋਲ ਵਿਸ਼ਵ ਪੱਧਰ ਦਾ ਇਕ ਨਾਟ-ਘਰ ਹੈ। ਵਰਿੰਦਰ ਵਾਲੀਆ ਨੇ ਠੀਕ ਕਿਹਾ ਸੀ ਕਿ ਗਿਆਨ ਸਾਗਰ ਆਪਣੇ ਨਾਂ ਦੇ ਅਰਥਾਂ ਉੱਤੇ ਪੂਰਾ ਉੱਤਰ ਰਿਹਾ ਹੈ।